# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

**ਐਸ.ਸੀ.ਓ ਨੰ: 104-106, ਦੂਜੀ ਮੰਜਿਲ, ਸੈਕਟਰ-34 ਏ, ਚੰਡੀਗੜ੍ਹ**

ਫੋਨ ਨੰਬਰ: **2623207, 2621106, 2624673 Fax: 2624687, 2323206,** ਈ ਮੇਲ. **ssapunjab@yahoo.co.in**

ਵੱਲ

ਸਮੂਹ ਜ਼ਿਲਾ ਸਿੱਖਿਆ ਅਫਸਰ(ਐ.ਸਿ.)
ਪੰਜਾਬ।

ਮੀਮੋ ਨੰ. ਸਸਅ/ਏ.ਐਸ.ਪੀ.ਡੀ(ਈ.ਐਸ.)/2010/48518
ਮਿਤੀ: ਚੰਡੀਗੜ :28.07.10

**ਵਿਸ਼ਾ: ਅੰਗਰੇਜ਼ੀ ਪ੍ਰੋਜੈਕਟ ਕੋਆਰਡੀਨੇਟਰਜ਼ ਅਤੇ ਮਾਸਟਰ ਟ੍ਰੇਨਰਜ਼ ਨੂੰ ਦਿੱਤੇ ਜਾਣ ਵਾਲੇ ਮਿਹਨਤਾਨੇ ਅਤੇ ਟੀ.ਏ./ਡੀ.ਏ. ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਅੱਪਰ ਪ੍ਰਾਇਮਰੀ ਲੈਵਲ ਤੇ ਅੰਗਰੇਜ਼ੀ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਜਿਸ ਵਾਸਤੇ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਅੰਗਰੇਜ਼ੀ ਪ੍ਰੋਜੈਕਟ ਕੋਆਰਡੀਨੇਟਰਜ਼ ਅਤੇ ਮਾਸਟਰ ਟ੍ਰੇਨਰਜ਼ ਨਿਯੁਕਤ ਕੀਤੇ ਗਏ ਹਨ ਜਿਹਨਾਂ ਨੇ ਇਸ ਪ੍ਰੋਜੈਕਟ ਵਿੱਚ ਆਨ ਸਾਈਟ ਸਪੋਰਟ ਅਤੇ ਮੋਨੀਟਰਿੰਗ ਕਰਨੀ ਹੈ।

3.0 ਅੰਗਰੇਜ਼ੀ ਪ੍ਰੋਜੈਕਟ ਕੋਆਰਡੀਨੇਟਰਜ਼ ਦੀ ਮੋਨੀਟਰਿੰਗ ਦੀ ਪ੍ਰਤੀ ਮਹੀਨਾ ਨਿਰਧਾਰਤ ਸੀਮਾ 1500 ਕਿਲੋਮੀਟਰ ਹੋਵੇਗੀ। ਇਹਨਾਂ ਦਾ ਟੀ.ਏ. 3.50 ਰੁਪਏ ਪ੍ਰਤੀ ਕਿਲੋਮੀਟਰ ਹੋਵੇਗਾ।

4.0 ਅੰਗਰੇਜ਼ੀ ਮਾਸਟਰ ਟ੍ਰੇਨਰਜ਼ ਨੂੰ ਸਕੂਲ ਵਿਜ਼ਿਟ ਕਰਨ ਲਈ ਅਤੇ ਸਕੂਲਾਂ ਵਿੱਚ ਅਧਿਆਪਕਾਂ ਨੂੰ ਮੌਕੇ ਤੇ ਟ੍ਰੇਨਿੰਗ ਦੇਣ ਲਈ 120 ਰੁਪਏ ਪ੍ਰਤੀ ਦਿਨ ਦਿੱਤਾ ਜਾਵੇਗਾ।

5.0 ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਜ਼ਿਲ੍ਹੇ ਦੀ ਹੱਦ ਵਿੱਚ ਮੋਨੀਟਰਿੰਗ ਅਤੇ ਪ੍ਰਬੰਧਕੀ ਕੰਮਾਂ ਲਈ ਕੋਈ ਡੀ.ਏ. ਨਹੀਂ ਦਿੱਤਾ ਜਾਵੇਗਾ। ਪਰ ਜੇਕਰ ਕਿਸੇ ਅਧਿਕਾਰੀ ਨੂੰ

ਹੁਕਮਾਂ ਅਨੁਸਾਰ ਜ਼ਿਲ੍ਹੇ ਤੋਂ ਬਾਹਰ ਜਾਣਾ ਪੈਂਦਾ ਹੈ ਤਾਂ ਉਸ ਅਧਿਕਾਰੀ ਨੂੰ ਟੀ.ਏ./ਡੀ.ਏ. ਸਰਵ ਸਿੱਖਿਆ ਅਭਿਆਨ ਦੇ ਨਿਯਮਾਂ ਅਨੁਸਾਰ ਦਿੱਤਾ ਜਾਵੇਗਾ।

6.0 ਉਪਰੋਕਤ ਸਾਰਾ ਖਰਚੇ ਦਾ ਭੁਗਤਾਨ ਟੀਚਰ ਟ੍ਰੇਨਿੰਗ ਗਰਾਂਟ ਵਿੱਚੋਂ ਕੀਤਾ ਜਾਵੇਗਾ।

7.0 ਜ਼ਿਲ੍ਹਾ ਸਿੱਖਿਆ ਅਫਸਰ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਅੰਗਰੇਜ਼ੀ ਪ੍ਰੋਜੈਕਟ ਕੋਆਰਡੀਨੇਟਰਜ਼ ਅਤੇ ਮਾਸਟਰ ਟ੍ਰੇਨਰਜ਼ ਨੂੰ ਸਫਰੀ ਭੱਤੇ ਦੀ ਜਾਣ ਵਾਲੀ ਅਦਾਇਗੀ ਤੋਂ ਪਹਿਲਾ ਇਸ ਦੀ ਪੂਰਨ ਪੜਤਾਲ ਅਤੇ ਘੋਖਣ ਤੋਂ ਬਾਅਦ ਵਿੱਤੀ ਅਦਾਇਗੀ ਕਰਣ ।ਜੇਕਰ ਕਿਸੇ ਵੀ ਤਰ੍ਹਾ ਦੀ ਕੋਈ ਗਲਤੀ ਜਾਂ ਤਰੁਟੀ ਰਹਿ ਜਾਂਦੀ ਹੈ ਤਾਂ ਇਸ ਦੀ ਜਿੰਮੇਵਾਰੀ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਦੀ ਹੋਵੇਗੀ।

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਚੰਡੀਗੜ੍ਹ**

ਪਿੰਠਅੰਕਣ ਨੰ. ਮੀਮੋ. ਨੰ. ਸਸਅ/ਏ.ਐਸ.ਪੀ.ਡੀ(ਈ.ਐਸ.)/2010/ ਮਿਤੀ:

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਭੇਜਿਆ ਜਾਂਦਾ ਹੈ:-

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
2. ਸਮੂਹ ਪ੍ਰਿੰਸੀਪਲ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ
3. ਸਮੂਹ ਪ੍ਰਿੰਸੀਪਲ, ਸਰਕਾਰੀ ਇਨ ਸਰਵਿਸ ਟ੍ਰੇਨਿੰਗ ਸੇਂਟਰ
4. ਸਮੂਹ ਅੰਗਰੇਜ਼ੀ ਪ੍ਰੋਜੈਕਟ ਕੋਆਰਡੀਨੇਟਰਜ਼

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਚੰਡੀਗੜ੍ਹ**